ਮਿੱਠੇ ਬੱਚੇ:- "ਮਿੱਠੇ ਬੱਚੇ :-ਤੁਸੀਂ ਹੁਣ ਹੰਸ ਬਣਨ ਦਾ ਪੁਰਸ਼ਾਰਥ ਕਰ ਰਹੇ ਹੋ, ਤੁਸੀਂ ਇਨ੍ਹਾਂ ਲਕਸ਼ਮੀ-ਨਰਾਇਣ ਵਰਗਾ ਹੰਸ ਮਤਲਬ ਸੰਪੂਰਨ ਨਿਰਵਿਕਾਰੀ ਬਣਨਾ ਹੈ"

ਪ੍ਰਸ਼ਨ:- ਇਸ ਗਿਆਨ ਮਾਰਗ ਵਿਚ ਤੀਵਰ(ਤਿੱਖਾ) ਜਾਣ ਦੀ ਸਹਿਜ ਵਿਧੀ ਕੀ ਹੈ?

ਉੱਤਰ:- ਇਸ ਗਿਆਨ ਵਿੱਚ ਤੀਵਰ(ਤਿੱਖਾ) ਜਾਣਾ ਹੈ ਤਾਂ ਹੋਰ ਸਭ ਵਿਚਾਰ ਛੱਡ ਕੇ ਬਾਪ ਦੀ ਯਾਦ ਵਿੱਚ ਲੱਗ ਜਾਓ ਜਿਸ ਨਾਲ ਵਿਕਰਮ ਵਿਨਾਸ਼ ਹੋ ਜਾਣ ਅਤੇ ਪੂਰਾ ਕਚਰਾ ਨਿਕਲ ਜਾਵੇ। ਯਾਦ ਦੀ ਯਾਤਰਾ ਹੀ ਉੱਚ ਪਦ ਦਾ ਆਧਾਰ ਹੈ, ਇਸਦੇ ਨਾਲ ਹੀ ਤੁਸੀਂ ਕੌਡੀ ਤੋਂ ਹੀਰਾ ਬਣ ਸਕਦੇ ਹੋ। ਬਾਪ ਦੀ ਡਿਊਟੀ ਹੈ ਤੁਹਾਨੂੰ ਕੌਡੀ ਤੋਂ ਹੀਰਾ, ਪਤਿਤ ਤੋਂ ਪਾਵਨ ਬਣਾਉਣ ਦੀ। ਇਸਦੇ ਬਗੈਰ ਬਾਪ ਵੀ ਰਹਿ ਨਹੀਂ ਸਕਦੇ।

ਓਮ ਸ਼ਾਂਤੀ। ਬਾਪ ਬੈਠ ਬਚਿਆਂ ਨੂੰ ਸਮਝਾਉਂਦੇ ਹਨ ਕਿ ਇਸ ਦੁਨੀਆਂ ਵਿੱਚ ਕਈ ਹੰਸ ਵੀ ਹਨ ਅਤੇ ਕਈ ਬਗੁਲੇ ਵੀ ਹਨ। ਇਹ ਲਕਸ਼ਮੀ-ਨਾਰਾਇਣ ਹੰਸ ਹਨ, ਇਨ੍ਹਾਂ ਵਰਗਾ ਤੁਸੀਂ ਬਣਨਾ ਹੈ। ਤੁਸੀਂ ਕਹੋਗੇ ਅਸੀਂ ਦੈਵੀ ਸੰਪਰਦਾਇ ਬਣ ਰਹੇ ਹਾਂ। ਬਾਪ ਕਹਿਣਗੇ ਤੁਸੀਂ ਦੈਵੀ ਸੰਪਰਦਾਇ ਬਣ ਰਹੇ ਹੋ, ਮੈਂ ਤੁਹਾਨੂੰ ਹੰਸ ਬਣਾਉਂਦਾ ਹਾਂ, ਅਜੇ ਪੂਰੇ ਬਣੇ ਨਹੀਂ ਹੋ, ਬਣਨਾ ਹੈ। ਹੰਸ ਮੋਤੀ ਚੁਗਦੇ ਹਨ ਤੇ ਬਗੁਲੇ ਗੰਦ ਖਾਂਦੇ ਹਨ। ਹੁਣ ਅਸੀਂ ਹੰਸ ਬਣ ਰਹੇ ਹਾਂ ਇਸ ਲਈ ਦੇਵਤਾਵਾਂ ਨੂੰ ਫੁੱਲ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਕੰਡਾ ਕਿਹਾ ਜਾਂਦਾ ਹੈ। ਹੰਸ ਸੀ ਫਿਰ ਹੇਠਾਂ ਉੱਤਰਦੇ ਬਗੁਲੇ ਬਣੇ ਹੋ। ਅੱਧਾ ਕਲਪ ਹੰਸ, ਅੱਧਾ ਕਲਪ ਬਗੁਲੇ। ਹੰਸ ਬਣਨ ਵਿੱਚ ਵੀ ਮਾਇਆ ਦੇ ਬਹੁਤ ਵਿਘਨ ਪੈਂਦੇ ਹਨ। ਕੁਝ ਨਾ ਕੁਝ ਗਿਰਾਵਟ ਆ ਜਾਂਦੀ ਹੈ। ਮੁੱਖ ਗਿਰਾਵਟ ਆਉਂਦੀ ਹੈ ਦੇਹ - ਅਭਿਮਾਨ ਦੀ। ਇਸ ਸੰਗਮ ਤੇ ਹੀ ਤੁਸੀਂ ਬੱਚਿਆਂ ਨੇ ਚੇਂਜ ਹੋਣਾ ਹੈ। ਜਦੋਂ ਤੁਸੀਂ ਹੰਸ ਬਣ ਜਾਂਦੇ ਹੋ ਤਾਂ ਫਿਰ ਹੰਸ ਹੀ ਹੰਸ ਹੋ। ਹੰਸ ਮਤਲਬ ਦੇਵੀ -ਦੇਵਤਾ ਹੁੰਦੇ ਹਨ ਨਵੀਂ ਦੁਨੀਆ ਵਿੱਚ। ਪੁਰਾਣੀ ਦੁਨੀਆਂ ਵਿੱਚ ਇਕ ਵੀ ਹੰਸ ਹੋ ਨਾਂ ਸਕੇ। ਚਾਹੇ ਸੰਨਿਆਸੀ ਹਨ ਪਰ ਉਹ ਹੱਦ ਦੇ ਸੰਨਿਆਸੀ ਹਨ। ਤੁਸੀਂ ਹੋ ਬੇਹੱਦ ਦੇ ਸੰਨਿਆਸੀ। ਬਾਬਾ ਨੇ ਬੇਹੱਦ ਦਾ ਸੰਨਿਆਸ ਸਿਖਾਇਆ ਹੈ। ਇਨ੍ਹਾਂ ਦੇਵਤਾਵਾਂ ਵਰਗਾ ਸਰਵਗੁਣ ਸੰਪਨ ਹੋਰ ਕੋਈ ਬਣਦਾ ਹੀ ਨਹੀਂ ਹੈ। ਹੁਣ ਬਾਪ ਵੀ ਆਏ ਹਨ ਆਦਿ ਸਨਾਤਨ ਦੇਵੀ -ਦੇਵਤਾ ਧਰਮ ਦੀ ਸਥਾਪਨਾ ਕਰਨ। ਤੁਸੀਂ ਹੀ ਨਵੀਂ ਦੁਨੀਆਂ ਵਿੱਚ ਪਹਿਲਾਂ-ਪਹਿਲਾਂ ਸੁਖ ਵਿੱਚ ਆਉਂਦੇ ਹੋ ਹੋਰ ਕੋਈ ਨਵੀਂ ਦੁਨੀਆਂ ਵਿੱਚ ਥੋੜ੍ਹੀ ਨਾ ਆਉਂਦੇ ਹਨ। ਹੁਣ ਇਨ੍ਹਾਂ ਦੇਵਤਾਵਾਂ ਦਾ ਧਰਮ ਹੀ ਪਰਾਇਆ(ਤਕਰੀਬਨ) ਲੋਪ ਹੈ। ਇਹ ਗੱਲਾਂ ਵੀ ਤੁਸੀਂ ਹੁਣ ਹੀ ਸੁਣ ਰਹੇ ਹੋ ਅਤੇ ਸਮਝਦੇ ਹੋ। ਹੋਰ ਕੋਈ ਸਮਝ ਨਹੀਂ ਸਕਦਾ। ਉਹ ਸਭ ਹੈ ਮਨੁੱਖ ਮਤ, ਵਿਕਾਰ ਨਾਲ ਤਾਂ ਸਾਰੇ ਪੈਦਾ ਹੋਏ ਹਨ ਨਾ। ਸਤਿਯੁੱਗ ਵਿੱਚ ਵਿਕਾਰ ਦੀ ਕੋਈ ਗੱਲ ਨਹੀਂ। ਦੇਵਤੇ ਪਵਿੱਤਰ ਸਨ। ਉੱਥੇ ਯੋਗਬਲ ਨਾਲ ਹੀ ਸਭ ਕੁਝ ਹੁੰਦਾ ਹੈ। ਇੱਥੇ ਪਤਿਤ ਮਨੁੱਖਾਂ ਨੂੰ ਕੀ ਪਤਾ ਉਥੇ ਬੱਚੇ ਕਿਵੇਂ ਪੈਦਾ ਹੁੰਦੇ ਹਨ? ਉਸਦਾ ਨਾਮ ਹੀ ਹੈ ਵਾਇਸਲੈਸ ਵਰਲਡ(ਪਵਿੱਤਰ ਦੁਨੀਆਂ) ਵਿਕਾਰ ਦੀ ਗੱਲ ਹੀ ਨਹੀਂ। ਕਹਿਣਗੇ ਜਾਨਵਰ ਆਦਿ ਕਿਸ ਤਰ੍ਹਾਂ ਪੈਦਾ ਹੁੰਦੇ ਹਨ। ਕਹੋ ਉਥੇ ਹੈ ਹੀ ਯੋਗਬਲ, ਵਿਕਾਰ ਦੀ ਗਲੱ ਹੀ ਨਹੀਂ। 100 ਪ੍ਰਤੀਸ਼ਤ ਵਾਇਸਲੈਸ ਹੈ। ਅਸੀਂ ਤਾਂ ਸ਼ੁਭ ਬੋਲਦੇ ਹਾਂ। ਤੁਸੀਂ ਅਸ਼ੁਭ ਕਿਓਂ ਬੋਲਦੇ ਹੋ? ਇਸਦਾ ਨਾਮ ਹੀ ਹੈ ਵੇਸ਼ਾਲਿਆ ਅਤੇ ਉਸਦਾ ਨਾਮ ਹੈ ਸ਼ਿਵਾਲਿਆ। ਉਸ ਸ਼ਿਵਾਲਿਆ ਦੀ ਸਥਾਪਨਾ ਸ਼ਿਵਬਾਬਾ ਕਰ ਰਹੇ ਹਨ। ਸ਼ਿਵਬਾਬਾ ਉੱਚੇ ਤੋਂ ਵੀ ਉੱਚਾ ਟਾਵਰ ਹੈ ਨਾ। ਸ਼ਿਵਾਲਿਆ ਵੀ ਇਵੇਂ ਦੇ ਲੰਬੇ ਬਣਾਉਂਦੇ ਹਨ। ਸ਼ਿਵਬਾਬਾ ਤੁਹਾਨੂੰ ਸੁੱਖ ਦਾ ਟਾਵਰ ਬਣਾਉਂਦੇ ਹਨ, ਸੁੱਖ ਦੇ ਟਾਵਰ ਵਿੱਚ ਲੈ ਜਾਂਦੇ ਹਨ ਇਸ ਲਈ ਬਾਬਾ ਵਿੱਚ ਬਹੁਤ ਲਵ ਰਹਿੰਦਾ ਹੈ। ਭਗਤੀ ਮਾਰਗ ਵਿੱਚ ਵੀ ਸ਼ਿਵਬਾਬਾ ਨਾਲ ਲਵ ਰਹਿੰਦਾ ਹੈ। ਸ਼ਿਵਬਾਬਾ ਦੇ ਮੰਦਿਰ ਵਿੱਚ ਬਹੁਤ ਪਿਆਰ ਨਾਲ ਜਾਂਦੇ ਹਨ ਪਰ ਕੁਝ ਵੀ ਸਮਝਦੇ ਨਹੀ ਹਨ। ਹੁਣ ਤੁਸੀਂ ਬੱਚੇ ਸਰਵਗੁਣ ਸੰਪੰਨ ਬਣ ਰਹੇ ਹੋ। ਅਜੇ ਸੰਪੂਰਨ ਬਣੇ ਨਹੀਂ ਹੋ। ਤੁਹਾਡਾ ਇਮਤਿਹਾਨ ਉਦੋਂ ਹੋਵੇਗਾ ਜਦੋਂ ਤੁਹਾਡੀ ਰਾਜਧਾਨੀ ਸਥਾਪਨ ਹੋ ਜਾਵੇਗੀ। ਫਿਰ ਹੋਰ ਸਾਰੇ ਖ਼ਤਮ ਹੋ ਜਾਣਗੇ ਫਿਰ ਨੰਬਰਵਾਰ ਥੋੜ੍ਹੇ-ਥੋੜ੍ਹੇ ਆਉਂਦੇ ਰਹਿਣਗੇ। ਤੁਹਾਡੀ ਤਾਂ ਪਹਿਲਾਂ ਹੀ ਰਾਜਾਈ ਸ਼ੁਰੂ ਹੁੰਦੀ ਹੈ। ਹੋਰ ਧਰਮਾਂ ਵਿੱਚ ਪਹਿਲਾਂ ਰਾਜਾਈ ਸ਼ੁਰੂ ਨਹੀਂ ਹੁੰਦੀ ਹੈ। ਤੁਹਾਡੀ ਤਾਂ ਹੈ ਹੀ ਕਿੰਗਡਮ। ਇਨ੍ਹਾਂ ਗੱਲਾਂ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ। ਬਨਾਰਸ ਵਿੱਚ ਬੱਚੇ ਸਰਵਿਸ ਤੇ ਗਏ, ਉਨ੍ਹਾਂ ਨੂੰ ਸਮਝਾਉਣ ਦਾ ਨਸ਼ਾ ਹੈ। ਪਰ ਉਹ ਲੋਕ ਇਨਾਂ ਸਮਝ ਨਹੀਂ ਸਕਦੇ। ਗਾਇਨ ਵੀ ਹੈ ਕੋਟਾਂ ਵਿਚੋਂ ਕੋਈ। ਹੰਸ ਕੋਈ ਵਿਰਲੇ ਬਣਦੇ ਹਨ। ਨਹੀਂ ਬਣਦੇ ਤਾਂ ਫਿਰ ਬਹੁਤ ਸਜਾਵਾਂ ਖਾਂਦੇ ਹਨ। ਕਈ ਤਾਂ 95 ਪ੍ਰਤੀਸ਼ਤ ਸਜ਼ਾ ਖਾਂਦੇ ਹਨ ਸਿਰਫ 5 ਪ੍ਰਤੀਸ਼ਤ ਚੇਂਜ ਹੁੰਦੇ ਹਨ। ਹਾਈਐਸਟ ਅਤੇ ਲੋਐਸਟ ਨੰਬਰ ਤਾਂ ਹੁੰਦੇ ਹਨ ਨਾ। ਅਜੇ ਕੋਈ ਵੀ ਆਪਣੇ ਨੂੰ ਹੰਸ ਨਹੀਂ ਕਹਿ ਸਕਦਾ। ਪੁਰਸ਼ਾਰਥ ਕਰ ਰਹੇ ਹਨ। ਜਦੋਂ ਗਿਆਨ ਪੂਰਾ ਹੋ ਜਾਵੇਗਾ ਤਾਂ ਲੜ੍ਹਾਈ ਵੀ ਲੱਗੇਗੀ। ਗਿਆਨ ਤਾਂ ਪੂਰਾ ਲੈਣਾ ਹੈ ਨਾ। ਉਹ ਲੜਾਈ ਹੀ ਫ਼ਾਈਨਲ ਹੋਵੇਗੀ। ਅਜੇ ਤਾਂ ਕੋਈ 100 ਪ੍ਰਤੀਸ਼ਤ ਬਣੇ ਨਹੀਂ ਹਨ। ਅਜੇ ਤਾਂ ਘਰ-ਘਰ ਵਿੱਚ ਪੈਗ਼ਾਮ ਪਹੁੰਚਾਉਣਾ ਹੈ। ਬਹੁਤ ਭਾਰੀ ਰੇਵਲੂਸ਼ਨ(ਬਦਲਾਵ) ਹੋ ਜਾਵੇਗਾ। ਜਿਨ੍ਹਾਂ ਦੇ ਵੱਡੇ-ਵੱਡੇ ਅੱਡੇ ਬਣੇ ਹੋਏ ਹਨ, ਸਭ ਹਿਲਣ ਲੱਗ ਜਾਣਗੇ। ਭਗਤੀ ਦਾ ਤਖ਼ਤ ਹਿਲਣ ਲੱਗ ਜਾਵੇਗਾ। ਅਜੇ ਭਗਤਾਂ ਦਾ ਰਾਜ ਹੈ ਨਾ। ਉਸ ਤੇ ਤੁਸੀਂ ਵਿਜੇ (ਜਿੱਤ) ਪਾਉਂਦੇ ਹੋ। ਹੁਣ ਹੈ ਪ੍ਰਜਾ ਦਾ ਪ੍ਰਜਾ ਤੇ ਰਾਜ, ਫਿਰ ਬਦਲੀ ਹੋਵੇਗਾ। ਇਨ੍ਹਾਂ ਲਕਸ਼ਮੀ-ਨਾਰਾਇਣ ਦਾ ਰਾਜ ਹੋ ਜਾਵੇਗਾ। ਤੁਸੀਂ ਸਾਕਸ਼ਤਕਾਰ ਕਰਦੇ ਰਹੋਗੇ। ਸ਼ੁਰੂ ਵਿੱਚ ਤੁਹਾਨੂੰ ਬਹੁਤ ਸਾਕਸ਼ਤਕਾਰ ਕਰਵਾਏ ਹੋਏ ਹਨ। ਕਿਵੇਂ ਰਾਜਧਾਨੀ ਚਲਦੀ ਹੈ। ਪਰ ਸਾਕਸ਼ਤਕਾਰ ਕਰਨ ਵਾਲੇ ਅੱਜ ਹੈ ਨਹੀਂ। ਇਹ ਵੀ ਡਰਾਮੇ ਵਿੱਚ ਜਿਨ੍ਹਾਂ ਦਾ ਜੋ ਪਾਰਟ ਹੈ ਉਹ ਚਲਦਾ ਹੀ ਰਹਿੰਦਾ ਹੈ। ਇਸ ਵਿੱਚ

ਅਸੀਂ ਕਿਸੇ ਦੀ ਮਹਿਮਾ ਥੋੜ੍ਹੀ ਕਰਾਂਗੇ। ਬਾਪ ਵੀ ਕਹਿੰਦੇ ਹਨ ਤੁਸੀਂ ਮੇਰੀ ਕੀ ਮਹਿਮਾ ਕਰੋਗੇ? ਮੇਰੀ ਤਾਂ ਡਿਊਟੀ ਹੈ ਪਤਿਤ ਤੋਂ ਪਾਵਨ ਬਣਾਉਣ ਦੀ। ਟੀਚਰ ਦੀ ਡਿਊਟੀ ਹੈ ਪੜ੍ਹਾਉਣ ਦੀ। ਆਪਣੀ ਡਿਊਟੀ ਵਜਾਉਣ ਵਾਲੇ ਦੀ ਮਹਿਮਾ ਕੀ ਕਰਨਗੇ? ਮੇਰੀ ਤੇ ਡਿਊਟੀ ਹੈ ਪਤਿਤ ਤੋਂ ਪਾਵਨ ਬਨਾਉਣ ਦੀ। ਟੀਚਰ ਦੀ ਡਿਊਟੀ ਹੈ ਪੜਾਉਣ ਦੀ। ਆਪਣੀ ਡਿਊਟੀ ਵਜਾਉਣ ਵਾਲੇ ਦੀ ਮਹਿਮਾ ਕੀ ਕਰਨਗੇ? ਬਾਬਾ ਕਹਿੰਦੇ ਹਨ ਮੈਂ ਵੀ ਡਰਾਮੇ ਦੇ ਵਸ ਹਾਂ, ਇਸ ਵਿੱਚ ਤਾਕਤ ਕਿਸ ਗੱਲ ਦੀ। ਇਹ ਤਾਂ ਮੇਰੀ ਡਿਊਟੀ ਹੈ। ਕਲਪ-ਕਲਪ ਸੰਗਮ ਤੇ ਆਕੇ ਪਾਵਨ ਬਣਾਉਣ ਦਾ ਰਸਤਾ ਦਸਦਾ ਹਾਂ। ਮੈਂ ਪਾਵਨ ਬਨਾਉਣ ਬਿਨਾਂ ਰਹਿ ਨਹੀਂ ਸਕਦਾ ਹਾਂ। ਮੇਰਾ ਪਾਰਟ ਅਕੁਰੇਟ ਹੈ। ਇਕ ਸੈਕਿੰਡ ਵੀ ਦੇਰੀ ਨਾਲ ਜਾਂ ਪਹਿਲੋਂ ਨਹੀਂ ਆ ਸਕਦਾ। ਬਿਲਕੁੱਲ ਐਕੂਰੇਟ ਟਾਈਮ ਤੇ ਸਰਵਿਸ ਦਾ ਪਾਰਟ ਵਜਾਉਂਦਾ ਹਾਂ। ਸੈਕਿੰਡ ਬਈ ਸੈਕਿੰਡ ਜੋ ਪਾਸ ਹੁੰਦਾ ਡਰਾਮਾ ਮੇਰੇ ਤੋਂ ਕਰਵਾਉਂਦਾ ਹੈ। ਮੈਂ ਪਰਵਸ਼ ਹਾਂ, ਇਸ ਵਿੱਚ ਮਹਿਮਾ ਦੀ ਕੋਈ ਗੱਲ ਨਹੀਂ। ਮੈਂ ਕਲਪ-ਕਲਪ ਆਉਂਦਾ ਹਾਂ, ਮੈਨੂੰ ਬੁਲਾਉਂਦੇ ਹੀ ਹਨ ਪਤਿਤ ਤੋਂ ਪਾਵਨ ਬਣਾਉਣ ਵਾਲੇ ਆਓ। ਕਿੰਨੇ ਪਤਿਤ ਬਣ ਗਏ ਹਨ। ਇਕ-ਇਕ ਅਵਗੁਣ ਛੁਡਾਉਣ ਲਈ ਕਿੰਨੀ ਮੇਹਨਤ ਲਗਦੀ ਹੈ। ਬਹੁਤ ਸਮਾਂ ਪਵਿੱਤਰ ਰਹਿ ਕੇ ਵੀ ਫਿਰ ਚੱਲਦੇ-ਚੱਲਦੇ ਮਾਇਆ ਦਾ ਥੱਪੜ ਲੱਗਣ ਨਾਲ ਕਾਲਾ ਮੂੰਹ ਕਰ ਲੈਂਦੇ ਹਨ।

ਇਹ ਹੈ ਹੀ ਤਮੋਪ੍ਰਧਾਨ ਦੁਨੀਆ। ਮਾਇਆ ਦੁਸ਼ਮਣ ਬਹੁਤ ਸਾਹਮਣਾ ਕਰਦੀ ਹੈ। ਸੰਨਿਆਸੀ ਵੀ ਜਨਮ ਤਾਂ ਵਿਕਾਰ ਤੋਂ ਹੀ ਲੈਂਦੇ ਹਨ। ਕੋਈ ਵੀ ਜੋਯਤੀ ਜੋਤ ਵਿੱਚ ਸਮਾਉਂਦੇ ਨਹੀਂ, ਵਾਪਿਸ ਜਾ ਨਹੀਂ ਸਕਦੇ। ਆਤਮਾ ਤਾਂ ਅਵਿਨਾਸ਼ੀ ਹੈ ਅਤੇ ਉਸ ਦਾ ਪਾਰਟ ਵੀ ਅਵਿਨਾਸ਼ੀ ਹੈ ਫਿਰ ਜੋਯਤੀ ਜੋਤ ਵਿੱਚ ਸਮਾ ਕਿਵੇਂ ਸਕਦੀ ਹੈ। ਜਿੰਨੇ ਢੇਰ ਮਨੁੱਖ ਹਨ ਉਨੀਆਂ ਢੇਰ ਗੱਲਾਂ ਹਨ। ਉਹ ਸਭ ਹੈ ਮਨੁੱਖ ਮਤ। ਇਸ਼ਵਰੀਏ ਮਤ ਹੈ ਹੀ ਇਕ। ਦੇਵਤਾ ਮਤ ਤਾਂ ਇੱਥੇ ਹੁੰਦੀ ਨਹੀਂ। ਦੇਵਤਾ ਹੁੰਦੇ ਹਨ ਸਤਿਯੁੱਗ ਵਿੱਚ। ਤਾਂ ਇਹ ਬਹੁਤ ਸਮਝਣ ਦੀਆਂ ਗੱਲਾਂ ਹਨ। ਮਨੁੱਖ ਤਾਂ ਕੁੱਝ ਵੀ ਨਹੀਂ ਜਾਣਦੇ ਤਾਂ ਹੀ ਤੇ ਈਸ਼ਵਰ ਨੂੰ ਬੁਲਾਉਂਦੇ ਹਨ ਰਹਿਮ ਕਰੋ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਇਵੇਂ ਦਾ ਲਾਇਕ ਬਣਾਉਂਦਾ ਹਾਂ ਜੋ ਤੁਸੀਂ ਪੂਜਣ ਲਾਇਕ ਬਣਦੇ ਹੋ। ਅਜੇ ਥੋੜ੍ਹੀ ਨਾ ਪੂਜਣ ਲਾਇਕ ਹੋ, ਬਣ ਰਹੇ ਹੋ। ਤੁਸੀਂ ਜਾਣਦੇ ਹੋ ਅਸੀਂ ਇਹ ਬਣਾਂਗੇ ਤਾਂ ਫਿਰ ਭਗਤੀ ਮਾਰਗ ਵਿੱਚ ਸਾਡੀ ਮਹਿਮਾ ਹੋਵੇਗੀ, ਸਾਡੇ ਹੀ ਮੰਦਿਰ ਬਣਨਗੇ। ਤੁਹਾਨੂੰ ਪਤਾ ਹੈ ਕਿ ਚੰਡਿਕਾ ਦੇਵੀ ਦਾ ਵੀ ਮੇਲਾ ਲੱਗਦਾ ਹੈ। ਚੰਡੀ, ਜੋ ਬਾਪ ਦੀ ਸ਼੍ਰੀਮਤ ਤੇ ਨਹੀਂ ਚਲਦੀ। ਫਿਰ ਵੀ ਵਿਸ਼ਵ ਨੂੰ ਪਵਿੱਤਰ ਬਨਾਉਣ ਵਿੱਚ ਕੁਝ ਨਾ ਕੁਝ ਮਦਦ ਤਾਂ ਕਰਦੀ ਹੈ ਨਾ। ਸੈਨਾ ਹੈ ਨਾ। ਸਜ਼ਾਵਾਂ ਆਦਿ ਖਾਕੇ ਫਿਰ ਵੀ ਵਿਸ਼ਵ ਦਾ ਮਾਲਿਕ ਤਾਂ ਬਣਦੇ ਹਨ ਨਾ। ਇੱਥੇ ਕੋਈ ਭੀਲ ਹੋਵੇਗਾ ਉਹ ਵੀ ਕਹੇਗਾ ਅਸੀਂ ਵਿਸ਼ਵ ਦੇ ਮਾਲਿਕ ਹਾਂ। ਅੱਜਕਲ ਦੇਖੋ ਇਕ ਤਰਫ਼ ਤਾਂ ਗਾਉਂਦੇ ਹਨ ਭਾਰਤ ਸਾਡਾ ਸਭ ਤੋਂ ਉੱਚਾ ਦੇਸ਼ ਹੈ ਅਤੇ ਦੂਸਰੀ ਤਰਫ਼ ਫਿਰ ਗਾਉਂਦੇ ਹਣ ਕਿ ਭਾਰਤ ਦੀ ਕੀ ਹਾਲਤ ਹੋ ਗਈ ਹੈ। ਰਕਤ, ਖ਼ੂਨ ਦੀਆਂ ਨਦੀਆਂ ਵਹਿੰਦੀਆਂ ਰਹਿੰਦੀਆਂ ਹਨ। ਇਕ ਰਿਕਾਰਡ ਵਿੱਚ ਮਹਿਮਾ ਅਤੇ ਇਕ ਰਿਕਾਰਡ ਵਿੱਚ ਨਿੰਦਾ। ਕੁਝ ਸਮਝਦੇ ਨਹੀਂ ਹਨ। ਤੁਹਾਨੂੰ ਯਥਾਰਥ(ਅਸਲ) ਰੀਤੀ ਹੁਣ ਬਾਪ ਸਮਝਾਉਂਦੇ ਹਨ। ਮਨੁੱਖਾਂ ਨੂੰ ਥੋੜ੍ਹੀ ਪਤਾ ਹੈ ਕਿ ਇਨ੍ਹਾਂ ਨੂੰ ਭਗਵਾਨ ਪੜ੍ਹਾਉਂਦੇ ਹਨ। ਕਹਿਣਗੇ ਵਾਹ, ਇਹਨ੍ਹਾਂ ਨੇ ਭਗਵਾਨ ਨੂੰ ਟੀਚਰ ਬਣਾ ਰੱਖਿਆ ਹੈ! ਅਰੇ, ਭਗਵਨੁਵਾਚ ਹੈ ਨਾ ਕਿ ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਸਿਰਫ਼ ਗੀਤਾ ਵਿੱਚ ਮਨੁੱਖ ਦਾ ਨਾਮ ਪਾਕੇ ਗੀਤਾ ਨੂੰ ਖੰਡਨ ਕਰ ਦਿੱਤਾ ਹੈ। ਸ਼੍ਰੀਕ੍ਰਿਸ਼ਨ ਭਗਵਾਨੁਵਾਚ ਇਹ ਤਾਂ ਮਨੁੱਖ ਦੀ ਮੱਤ ਹੋ ਗਈ ਨਾ। ਸ਼੍ਰੀਕ੍ਰਿਸ਼ਨ ਕਿਵੇਂ ਇੱਥੇ ਆਵੇਗਾ? ਉਹ ਤਾਂ ਸਤਿਯੁੱਗ ਦਾ ਪ੍ਰਿੰਸ ਸੀ। ਉਸਨੂੰ ਕੀ ਪਈ ਹੈ ਜੋ ਪਤਿਤ ਦੁਨੀਆਂ ਵਿੱਚ ਆਵੇ।

ਬਾਪ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ ਪਰ ਤੁਹਾਡੇ ਵਿੱਚ ਵੀ ਵਿਰਲਾ ਕੋਈ ਚੰਗੀ ਤਤਰ੍ਹਾਂ ਜਾਣਦੇ ਹਨ। ਤੁਸੀਂ ਬੱਚਿਆਂ ਦੇ ਮੁੱਖ ਵਿਚੋਂ ਸਦਾ ਰਤਨ ਨਿਕਲਨੇ ਚਾਹੀਦੇ ਹਨ, ਪੱਥਰ ਨਹੀਂ। ਆਪਣੇ ਤੋਂ ਪੁੱਛਣਾ ਹੈ ਕਿ ਅਸੀਂ ਇਵੇਂ ਦੇ ਬਣੇ ਹਾਂ? ਭਾਵੇਂ ਚਾਉਂਦੇ ਹਨ ਕਿ ਅਸੀਂ ਕਿਚੜੇ ਤੋਂ ਜਲਦੀ ਬਾਹਰ ਨਿਕਲੀਏ ਪਰ ਜਲਦੀ ਹੋ ਨਾ ਸਕੇ। ਸਮਾਂ ਲੱਗਦਾ ਹੈ ਤੁਹਾਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਸਮਝਾਉਣ ਵਾਲਿਆਂ ਵਿੱਚ ਵੀ ਨੰਬਰਵਾਰ ਹਨ। ਯੁਕਤੀਯੁਕਤ ਸਮਝਾਉਣੀ ਪਿਛਾੜੀ ਦੀ ਹੋਵੇਗੀ, ਤਾਂ ਤੁਹਾਡੇ ਬਾਣ ਚੱਲਣਗੇ। ਤੁਸੀਂ ਜਾਣਦੇ ਹੋ ਸਾਡੀ ਪੜ੍ਹਾਈ ਅਜੇ ਚਲ ਰਹੀ ਹੈ। ਪੜ੍ਹਾਉਣ ਵਾਲਾ ਤਾਂ ਇਕ ਹੀ ਹੈ। ਸਭ ਉਨ੍ਹਾਂ ਤੋਂ ਪੜ੍ਹਨ ਵਾਲੇ ਹਨ। ਅੱਗੇ ਚਲਕੇ ਤੁਸੀਂ ਇਵੇਂ ਦੀ ਲੜ੍ਹਾਈ ਵੇਖੋਗੇ ਜੋ ਗੱਲ ਹੀ ਨਾ ਪੁੱਛੋ। ਲੜ੍ਹਾਈ ਵਿੱਚ ਤਾਂ ਬਹੁਤ ਮਰਣਗੇ ਫਿਰ ਏਨੀਆਂ ਸਾਰੀਆਂ ਆਤਮਾਵਾਂ ਕਿੱਥੇ ਜਾਣਗੀਆਂ। ਕੀ ਇਕੱਠੀਆਂ ਹੀ ਜਾਕੇ ਜਨਮ ਲੈਣਗੀਆਂ? ਝਾੜ ਵੱਡਾ ਹੁੰਦਾ ਹੈ ਤਾਂ ਬਹੁਤ ਟਾਲ-ਟਾਲੀਆਂ, ਪੱਤੇ ਹੋ ਜਾਂਦੇ ਹਨ। ਰੋਜ਼ ਕਿੰਨੇ ਜੰਮਦੇ ਹਨ, ਮਰਦੇ ਵੀ ਕਿੰਨੇ ਹਨ। ਵਾਪਿਸ ਤਾਂ ਕੋਈ ਜਾ ਨਹੀਂ ਸਕਦੇ। ਮਨੁੱਖਾਂ ਦਾ ਵਾਧਾ ਹੁੰਦਾ ਰਹਿੰਦਾ ਹੈ। ਇਨ੍ਹਾਂ ਰੇਜਗਾਰੀ ਗੱਲਾਂ ਵਿੱਚ ਜਾਣ ਤੋਂ ਪਹਿਲੋਂ ਬਾਪ ਨੂੰ ਤਾਂ ਯਾਦ ਕਰੀਏ ਜਿਸ ਨਾਲ ਵਿਕਰਮ ਵਿਨਾਸ਼ ਹੋਣ ਅਤੇ ਕਿਚੜਾ ਨਿਕਲ ਜਾਵੇ। ਫਿਰ ਹੈ ਦੂਸਰੀ ਗੱਲ। ਤੁਸੀਂ ਇਸਦਾ ਕੋਈ ਵਿਚਾਰ ਨਾਂ ਕਰੋ। ਪਹਿਲਾਂ ਆਪਣਾ ਪੁਰਸ਼ਾਰਥ ਕਰੋ ਜੋ ਇਵੇਂ ਦਾ ਬਣ ਸਕੋ। ਮੁੱਖ ਹੈ ਯਾਦ ਦੀ ਯਾਤਰਾ ਅਤੇ ਸਭ ਨੂੰ ਪੈਗ਼ਾਮ ਦੇਣਾ ਹੈ। ਪੈਗੰਬਰ ਇਕ ਹੀ ਹੈ। ਧਰਮ ਸਥਾਪਕ ਨੂੰ ਵੀ ਪੈਗੰਬਰ ਅਤੇ ਪ੍ਰੀਸੇਪਟਰਜ ਨਹੀਂ ਕਹਿ ਸਕਦੇ। ਸਦਗਤੀ ਦਾਤਾ ਇਕ ਹੀ ਸਤਿਗੁਰੂ ਹੈ। ਬਾਕੀ ਤਾਂ ਭਗਤੀ ਮਾਰਗ ਵਿੱਚ ਮਨੁੱਖ ਕੁਝ ਨਾ ਕੁਝ ਸੁਧਰਦੇ ਹਨ। ਕੁਝ ਨਾ ਕੁਝ ਦਾਨ ਵੀ ਕਰਦੇ ਹਨ। ਤੀਰਥਾਂ ਤੇ ਜਾਂਦੇ ਹਨ ਤਾਂ ਕੁਝ ਨਾ ਕੁਝ ਦਾਨ ਦੇ ਆਉਂਦੇ ਹਨ। ਤਾਂ ਇਹ ਤੇ ਤੁਸੀਂ ਜਾਣਦੇ ਹੋ ਕਿ ਇਸ ਅੰਤਿਮ ਜਨਮ ਵਿੱਚ ਬਾਪ ਸਾਨੂੰ ਹੀਰੇ ਵਰਗਾ ਬਣਾਉਂਦੇ ਹਨ। ਇਸਨੂੰ ਹੀ ਅਨਮੋਲ ਜੀਵਨ ਕਿਹਾ ਜਾਂਦਾ ਹੈ, ਪਰ ਇਨਾਂ ਪੁਰਸ਼ਾਰਥ ਕਰਨਾ ਪਵੇ। ਤੁਸੀਂ ਕਹੋਗੇ ਸਾਡਾ ਕੋਈ ਦੋਸ਼ ਨਹੀਂ ਹੈ। ਅਰੇ, ਮੈਂ ਆਇਆ ਹਾਂ ਗੁਲ-ਗੁਲ(ਫੁੱਲ) ਬਣਾਉਣ ਤਾਂ ਤੁਸੀਂ ਕਿਉਂ ਨਹੀਂ ਬਣਦੇ ਹੋ? ਮੇਰੀ ਤਾਂ ਡਿਊਟੀ ਹੈ ਪਾਵਨ ਬਣਾਉਣ ਦੀ। ਤਾਂ ਤੁਸੀਂ ਕਿਉਂ ਨਹੀਂ ਪੁਰਸ਼ਾਰਥ ਕਰਦੇ ਹੋ? ਪੁਰਸ਼ਾਰਥ ਕਰਵਾਉਣ ਵਾਲਾ ਬਾਪ ਤਾਂ ਮਿਲਿਆ ਹੈ। ਇਨ੍ਹਾਂ ਲਕਸ਼ਮੀ-ਨਾਰਾਇਣ ਨੂੰ ਇਵੇਂ ਦਾ ਕਿਸਨੇ ਬਣਾਇਆ? ਦੁਨੀਆਂ ਥੋੜ੍ਹੀ ਨਾ ਜਾਣਦੀ ਹੈ। ਬਾਪ ਆਉਂਦੇ ਹੀ ਸੰਗਮ ਤੇ ਹਨ। ਅਜੇ

ਤੁਹਾਡੀਆਂ ਗੱਲਾਂ ਨੂੰ ਕੋਈ ਸਮਝਦੇ ਨਹੀਂ ਹਨ, ਅੱਗੇ ਜਾਕੇ ਜਦੋਂ ਤੁਹਾਡੇ ਕੋਲ ਬਹੁਤ ਆਉਣਗੇ ਤਾਂ ਉਹਨਾਂ ਦੀ ਗ੍ਰਾਹਕੀ ਟੁੱਟ ਪਵੇਗੀ। ਬਾਪ ਕਹਿੰਦੇ ਹਨ ਇਨ੍ਹਾਂ ਵੇਦ-ਸ਼ਸਤਰਾਂ ਦਾ ਸਾਰ ਮੈਂ ਸੁਣਾਉਂਦਾ ਹਾਂ। ਢੇਰ ਦੇ ਢੇਰ ਗੁਰੂ ਹਨ, ਸਭ ਭਗਤੀ ਮਾਰਗ ਦੇ। ਸਤਿਯੁੱਗ ਵਿੱਚ ਸਭ ਪਾਵਨ ਸਨ ਫਿਰ ਪਤਿਤ ਬਣੇ। ਹੁਣ ਬਾਪ ਫਿਰ ਆਕੇ ਤੁਹਾਨੂੰ ਬੇਹੱਦ ਦਾ ਸੰਨਿਆਸ ਕਰਵਾਉਂਦੇ ਹਨ ਕਿਉਂਕਿ ਇਹ ਪੁਰਾਣੀ ਦੁਨੀਆਂ ਖ਼ਤਮ ਹੋਣ ਵਾਲੀ ਹੈ ਇਸਲਈ ਬਾਪ ਕਹਿੰਦੇ ਹਨ- ਕਬ੍ਰੀਸਤਾਨ ਵਿਚੋਂ ਬੁੱਧੀ ਕੱਢ ਕੇ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਹੁਣ ਕਯਾਮਤ ਦਾ ਸਮਾਂ ਹੈ। ਸਭ ਦਾ ਹਿਸਾਬ-ਕਿਤਾਬ ਚੁਕਤੂ ਹੋਣ ਵਾਲਾ ਹੈ। ਸਾਰੀ ਦੁਨੀਆਂ ਦੀਆਂ ਜੋ ਆਤਮਾਵਾਂ ਹਨ ਉਨ੍ਹਾਂ ਵਿੱਚ ਸਾਰਾ ਪਾਰਟ ਭਰਿਆ ਹੋਇਆ ਹੈ। ਆਤਮਾ ਸ਼ਰੀਰ ਧਾਰਨ ਕਰ ਪਾਰਟ ਵਜਾਉਂਦੀ ਹੈ। ਤਾਂ ਆਤਮਾ ਵੀ ਅਵਿਨਾਸ਼ੀ ਹੈ, ਪਾਰਟ ਵੀ ਅਵਿਨਾਸ਼ੀ ਹੈ। ਇਸ ਵਿੱਚ ਕੋਈ ਫ਼ਰਕ ਪੈ ਨਹੀਂ ਸਕਦਾ। ਹੂਬਹੂ ਰਪੀਟ ਹੁੰਦਾ ਹੀ ਰਹਿੰਦਾ ਹੈ। ਇਹ ਬਹੁਤ ਵੱਡਾ ਬੇਹੱਦ ਦਾ ਡਰਾਮਾ ਹੈ। ਨੰਬਰਵਾਰ ਤਾਂ ਹੁੰਦੇ ਹੀ ਹਨ। ਕੋਈ ਰੂਹਾਨੀ ਸਰਵਿਸ ਕਰਨ ਵਾਲੇ ਕੋਈ ਸਥੂਲ ਸਰਵਿਸ ਕਰਨ ਵਾਲੇ। ਕੋਈ ਕਹਿੰਦੇ ਬਾਬਾ ਅਸੀਂ ਤੁਹਾਡੇ ਡਰਾਈਵਰ ਬਣੀਏ, ਤਾਂ ਉਥੇ ਵੀ ਵਿਮਾਨ ਦੇ ਮਾਲਿਕ ਬਣ ਜਾਵਾਂਗੇ। ਅੱਜ ਦੇ ਵੱਡੇ ਲੋਕ ਸਮਝਦੇ ਹਨ ਅਜੇ ਤਾਂ ਸਾਡੇ ਲਈ ਸਵਰਗ ਹੈ। ਵੱਡੇ-ਵੱਡੇ ਮਹਿਲ ਹਨ, ਵਿਮਾਨ ਹਨ। ਬਾਪ ਕਹਿੰਦੇ ਹਨ। ਇਹ ਸਭ ਹਨ ਆਰਟੀਫਿਸ਼ਲ, ਇਨਾਂ ਨੂੰ ਮਾਇਆ ਦਾ ਪਾਂਪ ਕਿਹਾ ਜਾਂਦਾ ਹੈ। ਕੀ-ਕੀ ਸਿੱਖਦੇ ਰਹਿੰਦੇ ਹਨ। ਜਹਾਜ਼ ਆਦਿ ਬਣਾਉਂਦੇ ਹਨ। ਹੁਣ ਇਹ ਜਹਾਜ਼ ਆਦਿ ਉੱਥੇ ਕੰਮ ਵਿੱਚ ਥੋੜ੍ਹੀ ਨਾ ਆਉਣਗੇ। ਬੰਬਸ ਬਣਾਉਂਦੇ ਹਨ, ਇਹ ਥੋੜ੍ਹੀ ਉੱਥੇ ਕੰਮ ਵਿੱਚ ਆਉਣਗੇ। ਸੁੱਖ ਵਾਲੀਆਂ ਚੀਜ਼ਾਂ ਤਾਂ ਕੰਮ ਵਿੱਚ ਆਉਣਗੀਆਂ। ਵਿਨਾਸ਼ ਹੋਣ ਵਿੱਚ ਸਾਇੰਸ ਮਦਦ ਕਰਦੀ ਹੈ। ਫਿਰ ਉਹ ਹੀ ਸਾਇੰਸ ਤੁਹਾਨੂੰ ਨਵੀਂ ਦੁਨੀਆਂ ਵਿੱਚ ਮਦਦ ਦੇਵੇਗੀ। ਇਹ ਡਰਾਮਾ ਬੜਾ ਵੰਡਰਫੁਲ ਬਣਿਆ ਹੋਇਆ ਹੈ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਕਿਆਮਤ ਦੇ ਸਮੇਂ ਪੁਰਾਣੀ ਦੁਨੀਆਂ ਤੋਂ ਬੇਹੱਦ ਦਾ ਸਨਿਆਸ ਕਰਨਾ ਹੈ। ਇਸ ਕਬ੍ਰੀਸਤਾਨ ਵਿਚੋਂ ਬੁੱਧੀ ਕੱਢ ਦੇਣੀ ਹੈ। ਯਾਦ ਵਿੱਚ ਰਹਿ ਕੇ ਪੁਰਾਣੇ ਹਿਸਾਬ-ਕਿਤਾਬ ਸਭ ਚੁਕਤੂ ਕਰਨੇ ਹਨ।

2. ਮੂੰਹ ਵਿਚੋਂ ਸਦਾ ਗਿਆਨ ਰਤਨ ਕੱਢਣੇ ਹਨ, ਪੱਥਰ ਨਹੀਂ। ਪੂਰਾ-ਪੂਰਾ ਹੰਸ ਬਣਨਾ ਹੈ। ਕੰਡਿਆਂ ਨੂੰ ਫੁੱਲ ਬਣਾਉਣ ਦੀ ਸੇਵਾ ਕਰਨੀ ਹੈ।

ਵਰਦਾਨ:- ਸੇਵਾ ਦੇ ਨਾਲ - ਨਾਲ ਬੇਹੱਦ ਦੇ ਵੈਰਾਗ ਵ੍ਰਿਤੀ ਦੀ ਸਾਧਨਾ ਨੂੰ ਇਮ੍ਰਜ਼ ਕਰਨ ਵਾਲੇ ਸਫਲਤਾ ਮੂਰਤ ਭਵ।
ਸੇਵਾ ਨਾਲ ਖੁਸ਼ੀ ਅਤੇ ਸ਼ਕਤੀ ਮਿਲਦੀ ਹੈ ਲੇਕਿਨ ਸੇਵਾ ਵਿਚ ਹੀ ਵੈਰਾਗ ਵ੍ਰਿਤੀ ਵੀ ਖਤਮ ਹੋ ਜਾਂਦੀ ਹੈ ਇਸਲਈ ਆਪਣੇ ਅੰਦਰ ਵੈਰਾਗ ਵ੍ਰਿਤੀ ਨੂੰ ਜਗਾਓ। ਜਿਵੇਂ ਸੇਵਾ ਦੇ ਪਲਾਨ ਨੂੰ ਪ੍ਰੈਕਟਿਕਲ ਵਿੱਚ ਇਮ੍ਰਜ਼ ਕਰਦੇ ਹੋ ਤਾਂ ਸਫਲਤਾ ਮਿਲਦੀ ਹੈ। ਇਵੇਂ ਹੁਣ ਬੇਹੱਦ ਦੇ ਵੈਰਾਗ ਵ੍ਰਿਤੀ ਨੂੰ ਇਮ੍ਰਜ਼ ਕਰੋ। ਭਾਵੇਂ ਕਿੰਨੇ ਵੀ ਸਾਧਨ ਪ੍ਰਾਪਤ ਹੋਣ ਲੇਕਿਨ ਬੇਹੱਦ ਦੇ ਵੈਰਾਗ ਵ੍ਰਿਤੀ ਦੀ ਸਾਧਨਾ ਮਰਜ ਨਹੀਂ ਹੋਵੇ। ਸਾਧਨ ਅਤੇ ਸਾਧਨਾ ਦਾ ਬੈਲੇਂਸ ਹੋਵੇ ਤਾਂ ਸਫਲਤਾ ਮੂਰਤ ਬਣੋਗੇ।

ਸਲੋਗਨ:- ਅਸੰਭਵ ਨੂੰ ਸੰਭਵ ਬਨਾਉਣਾ ਹੀ ਪਰਮਾਤਮ ਪਿਆਰ ਦੀ ਨਿਸ਼ਾਨੀ ਹੈ।

******